ਝ਼ਗਾਜਅਪ ਛਫੀਕਠਕ।।।।।।।।।।।2025 ਙ਼ ੍ਰਚਅਹ਼ਲਜ (004)

**ਅੰਕ ਯੋਜਨਾ/ਪੜਤਾਲ-ਯੋਜਨਾ : .......2025-ਪੰਜਾਬੀ (004)**

ਜਮਾਤ :ਗਿਆਰ੍ਹਵੀਂ ਕੋਡ ਨੰ. 532

ਵਿਸ਼ਾ : ਪੰਜਾਬੀ ਕੁੱਲ ਅੰਕ : 80

ਉਪ-ਪਰੀਖਿਅਕ ਮੁਲਾਂਕਣ ਨਿਰਦੇਸ਼ਾਂ ਦਾ ਧਿਆਨ ਪੂਰਵਕ ਅਧਿਐਨ ਕਰਕੇ ਉੱਤਰ ਪੁਸਤਕਾਂ ਦਾ ਮੁਲਾਂਕਣ ਕਰੋ। ਜੇਕਰ ਵਿਦਿਆਰਥੀ ਨੇ ਪ੍ਰਸ਼ਨ ਪੂਰੇ ਅਤੇ ਸਹੀ ਕੀਤੇ ਹੋਣ ਤਾਂ ਵੱਧ ਤੋਂ ਵੱਧ ਅੰਕ ਦੇਣ ਤੋਂ ਸੰਕੋਚ ਨਾ ਕਰੋ।

**ਆਮ ਹਿਦਾਇਤਾਂ :**

(i) ਪਰੀਖਿਅਕ ਨੂੰ ਪ੍ਰਸ਼ਨ-ਪੱਤਰ ਦਾ ਮੂਲਾਂਕਣ ਕਰਨ ਤੋਂ ਪਹਿਲਾਂ ਆਮ ਸੰਕੇਤਾਂ ਵਿਚੋਂ ਲੰਘਣਾ ਪੈਂਦਾ ਹੈ।

(ii) ਮਾਰਕਿੰਗ ਸਕੀਮ ਵਿੱਚ ਦਿੱਤੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

(iii) ਜਵਾਬ ਵਿਚ ਗਲਤੀਆਂ ਨੂੰ ਰੇਖਾਂਕਿਤ ਕੀਤਾ ਜਾਵੇ।

(iv) ਜੇਕਰ ਜਵਾਬ ਬਿਲਕੁੱਲ ਸਹੀ ਹਨ ਪ੍ਰੀਖਿਆਰਥੀ ਨੂੰ ਪੂਰੇ ਅੰਕ ਦੇਣ ਵਿੱਚ ਸੰਕੋਚ ਕਰਨ ਦੀ ਲੋੜ ਨਹੀਂ ਹੈ

(v) ਪਰੀਖਿਅਕਾਂ ਨੂੰ ਇਹ ਯਕੀਨੀ ਬਣਾਉਣ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਜਵਾਬ ਨੂੰ ਅੰਕ ਦੇਣ ਤੋਂ ਪਹਿਲਾਂ ਗੰਭੀਰਤਾ ਨਾਲ ਅਤੇ ਇਮਾਨਦਾਰੀ ਨਾਲ ਪਾਸ ਕੀਤਾ ਗਿਆ ਹੈ। ਇਹ ਉਹਨਾਂ ਤੇ ਮੁਲਾਂਕਣ ਵਜੋਂ ਪ੍ਰਮਾਣਿਕਤਾ ਨੂੰ ਯਕੀਨੀ ਬਣਾਏਗਾ ਅਤੇ ਸੰਸਥਾ ਦੀ ਸਾਖ ਨੂੰ ਵੀ ਵਧਾਏਗਾ।

(vi) ਜੇਕਰ ਕੋਈ ਪ੍ਰੀਖਿਆਰਥੀ ਇੱਕ ਸਵੀਕਾਰਯੋਗ ਜਵਾਬ ਲਿਖਦਾ ਹੈ ਜੋ ਕਿ ਮਾਰਕਿੰਗ ਸਕੀਮ ਵਿੱਚ ਨਹੀਂ ਦਿੱਤਾ ਗਿਆ ਹੈ, ਤਾਂ ਉਸ ਨੂੰ ਹੈਡ-ਪ੍ਰੀਖਿਅਕ ਦੀ ਸਲਾਹ-ਮਸ਼ਵਰਾ ਤੋਂ ਬਾਅਦ ਹੀ ਅੰਕ ਦਿੱਤੇ ਜਾ ਸਕਦੇ ਹਨ।

(vii) ਜੇਕਰ ਕੋਈ ਪ੍ਰੀਖਿਆਰਥੀ ਇਕ ਵਾਧੂ ਪ੍ਰਸ਼ਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉੱਚ ਪੁਰਸਕਾਰ ਦੇ ਯੋਗ ਉੱਤਰ ਨੂੰ

ਰੱਖਿਆ ਜਾਣਾ ਚਾਹੀਦਾ ਹੈ ਅਤੇ ਦੂਜੇ ਨੂੰ ਅੰਕ ਪ੍ਰਾਪਤ ਕਰਨਾ ਚਾਹੀਦਾ ਹੈ।

(viii) ਹੈੱਡ ਐਗਜ਼ਾਮੀਨਰ ਮਾਰਕਿੰਗ ਸਕੀਮ ਵਿਚ ਦਿੱਤੀਆਂ ਹਦਾਇਤਾਂ ਦੀ ਉਲੰਘਣਾ ਨਾ ਕਰਨ ਨੂੰ ਯਕੀਨੀ ਬਣਾਉਣ ਤੋਂ ਬਾਅਦ ਹੀ ਆਪਣੇ ਅਧੀਨ ਪ੍ਰੀਖਿਆਰਥੀ ਦੀ ਮਾਰਕਿੰਗ ਦੇ ਮਿਆਰ ਨੂੰ ਮਨਜ਼ੂਰੀ ਦੇਣਗੇ।

(ix) ਮੁੱਖ ਪ੍ਰੀਖਿਅਕਾਂ ਅਤੇ ਪ੍ਰੀਖਿਅਕਾਂ ਨੂੰ ਇਕ ਵਾਰ ਫਿਰ ਬੇਨਤੀ ਕੀਤੀ ਜਾਂਦੀ ਹੈ ਅਤੇ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਵਾਬਾਂ ਨੂੰ ਗੰਭੀਰਤਾ, ਅਤੇ ਇਮਾਨਦਾਰੀ ਨਾਲ ਪੜ੍ਹ ਕੇ ਆਪਣੇ ਮੁਲਾਂਕਣ ਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣ। ਸਲਾਹ ਜੇ ਨਹੀਂ ਕੀਤੀ ਗਈ ਤਾਂ ਉਨ੍ਹਾਂ ਅਤੇ ਸੰਸਥਾ ਦਾ ਨਾਮ ਬਦਨਾਮ ਹੋਵੇਗਾ।

**ਜਰੂਰੀ ਹਦਾਇਤਾਂ** :

(i) ਮਾਰਕਿੰਗ ਸਕੀਮ ਦਾ ਉਦੇਸ਼ ਮੁਲਾਂਕਣ ਨੂੰ ਜਿਨਾਂ ਸੰਭਵ ਹੋ ਸਕੇ ਉਦੇਸ਼ ਬਣਾਉਣਾ ਹੈ। ਮਾਰਕਿੰਗ ਸਕੀਮ ਵਿੱਚ ਦਿੱਤੇ ਗਏ ਜਵਾਬ ਅੰਕ ਅੰਤਿਮ ਨਹੀਂ ਹਨ। ਇਹ ਸੂਚਕ ਅਤੇ ਸੰਕੇਤਕ ਹਨ। ਜੇਕਰ ਪਰੀਖਿਆਰਥੀ ਨੇ ਇਨ੍ਹਾਂ ਵਿੱਚੋਂ ਵੱਖਰੇ ਪਰ ਢੁੱਕਵੇਂ ਜਵਾਬ ਦਿੱਤੇ ਹਨ, ਤਾਂ ਉਸ ਨੂੰ ਢੁੱਕਵੇਂ ਅੰਕ ਦਿੱਤੇ ਜਾਣੇ ਚਾਹੀਦੇ ਹਨ।

(ii) ਸ਼ੁੱਧ, ਅਰਥਪੂਰਨ ਅਤੇ ਸਟੀਕ ਜਵਾਬਾਂ ਲਈ ਉਚਿਤ ਭਾਗ ਦਿੱਤਾ ਜਾਵੇ।

(iii) ਪ੍ਰੀਖਿਆਰਥੀ ਦੁਆਰਾ ਲੋੜ ਅਨੁਸਾਰ ਸਹੀ ਉੱਤਰ ਲਿਖਣ ਲਈ ਇਸ ਨੂੰ ਪੂਰੇ ਅੰਕ ਦਿੱਤੇ ਜਾਣੇ ਚਾਹੀਦੇ ਹਨ।

(iv) ਸਪੈਲਿੰਗ ਦੀਆਂ ਗਲਤੀਆਂ ਅਤੇ ਡਾਇਵਰਸਨ (ਵਿਸ਼ਾਂਤਰ) ਦੀ ਸਥਿਤੀ ਵਿੱਚ ਵੱਧ ਅੰਕ ਦੇ ਕੇ ਉਤਸ਼ਾਹਿਤ ਨਾ ਕਰੋ ।

(v) ਭਾਸ਼ਾ ਦੀ ਯੋਗਤਾ ਅਤੇ ਪ੍ਰਗਟਾਵੇ ਦੇ ਹੁਨਰ 'ਤੇ ਧਿਆਨ ਦਿੱਤਾ ਜਾਵੇ।

(vi) ਮੁੱਖ-ਪ੍ਰੀਖਿਅਕ ਅਤੇ ਪ੍ਰੀਖਿਅਕਾਂ ਨੂੰ ਉੱਤਰ ਪੁਸਤਕਾਂ ਦਾ ਮੁਲਾਂਕਣ ਕਰਨ ਲਈ ਇਹ ਸਿਰਫ ਮਾਰਕਿੰਗ ਨਿਰਦੇਸ਼/ਹਦਾਇਤਾਂ ਹੀ ਦਿੱਤੀਆਂ ਜਾ ਰਹੀਆਂ ਹਨ। ਮੁਲਾਂਕਣ ਜੇਕਰ ਜਵਾਬ ਤੋਂ ਇਲਾਵਾ ਕੋਈ ਹੋਰ ਜਵਾਬ ਸਹੀ ਹੈ ਤਾਂ ਪਰੀਖਿਅਕ, ਮੁੱਖ-ਪਰੀਖਿਅਕ ਨਾਲ ਸਲਾਹ-ਮਸ਼ਵਰਾ ਕਰਕੇ ਆਪਣੀ ਮਰਜ਼ੀ ਨਾਲ ਮੁਲਾਂਕਣ ਕਰੇ।

## ਜਮਾਤ-ਗਿਆਰ੍ਹਵੀਂ

ਵਿਸ਼ਾ : ਪੰਜਾਬੀ ਜਮਾਤ : ਗਿਆਰ੍ਹਵੀਂ ਸੈਸ਼ਨ : 2024-25

ਸਮਾਂ : 3 ਘੰਟੇ ਕੁੱਲ ਅੰਕ 80

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ਉਪ ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ ਸੰਕੇਤਕ ਨੁਕਤੇ |
|---|---|---|---|---|---|
| | | **ਭਾਗ (ੳ)** | | | |
| 1. | | | | 5 | ਵਿਸ਼ੇ ਪ੍ਰਤਿ ਵਿਦਿਆਰਥੀ ਨੇ ਇਕ ਪ੍ਰਸ਼ਨ ਦਾ ਸਹੀ ਉੱਤਰ ਦਿੱਤਾ ਹੈ ਅਤੇ ਬਾਕੀ ਗ਼ਲਤ ਜਾਂ ਕੋਈ ਉੱਤਰ ਨਹੀ ਦਿੱਤਾ ਤਾਂ ਵਿਦਿਆਰਥੀ ਨੂੰ ਸਹੀ ਉੱਤਰ ਦੇ ਬਣਦੇ ਅੰਕ ਦਿੱਤੇ ਜਾਣ। ਜੇਕਰ ਸਾਰੇ ਭਾਗਾਂ ਦੇ ਉੱਤਰ ਸਹੀ ਹਨ ਤਾਂ ਵਿਦਿਆਰਥੀ ਨੂੰ ਪੂਰੇ ਅੰਕ ਦਿੱਤੇ ਜਾਣ। |
| | | ਅਲੰਕਾਰ ਕਵਿਤਾ ਦੇ ਗਹਿਣੇ ਹਨ । ਜਿਸ ਤਰ੍ਹਾਂ ਮਨੁੱਖ ਆਪਣੇ ਸਰੀਰ ਨੂੰ ਸੋਹਣਾ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਤਰ੍ਹਾਂ ਦੇ ਗਹਿਣੇ ਪਹਿਨਦਾ ਹੈ, ਉਸੇ ਤਰ੍ਹਾਂ ਕਵੀ ਆਪਣੀਆਂ ਕਵਿਤਾਵਾਂ ਨੂੰ ਵਧੇਰੇ ਸੁਹਜਮਈ ਜੁਗਤਾਂ ਵਰਤਦਾ ਹੈ । ਕਵੀ ਤੇ ਸਾਹਿਤਕਾਰ ਦੀਆਂ ਇਹਨਾਂ ਸੁਹਜਾਤਮਕ ਜੁਗਤਾਂ ਨੂੰ ਹੀ ਅਲੰਕਾਰ ਆਖਿਆ ਜਾਂਦਾ ਹੈ । | 2 | | |
| | | ਭਾਰਤੀ ਵਿਦਵਾਨਾਂ ਨੇ ਅਲੰਕਾਰ ਨੂੰ ਤਿੰਨ ਭਾਗਾਂ ਵਿਚ ਵੰਡਿਆ | 1<br>1<br>1 | | |

| | | | | | |
|---|---|---|---|---|---|
| | | ਹੈ । 1. ਸ਼ਬਦ ਅਲੰਕਾਰ 2. ਅਰਥ ਅਲੰਕਾਰ 3. ਸ਼ਬਦਾਰਥ ਅਲੰਕਾਰ ਜਾਂ | | | |
| | | ਅਨੁਪ੍ਰਾਸ ਦਾ ਅਰਥ ਹੈ ਵਾਰ ਵਾਰ ਦੁਹਰਾਉਣਾ । ਇਹ ਦੁਹਰਾਉ ਅੱਖਰਾਂ ਦਾ, ਸ਼ਬਦਾਂ ਦਾ ਜਾਂ ਸ਼ਬਦਾਸ਼ਾਂ ਦਾ ਹੋ ਸਕਦਾ ਹੈ । ਕਵਿਤਾ ਵਿਚ ਇੱਕੋ ਜਿਹ ਵਰਨਾ ਜਾਂ ਸ਼ਬਦਾਂ ਦਾ ਵਾਰ ਵਾਰ ਦੁਹਰਾਓ ਹੋਵੇ ਤਾਂ ਉਸਨੂੰ ਅਨੁਪ੍ਰਾਸ ਅਲੰਕਾਰ ਕਹਿੰਦੇ ਹਨ । ਉਦਹਾਰਨ : 1. ਪਰਮ ਪੁਰਖ ਪਰਮੇਸਰ ਸੁਆਮੀ ..। 2. ਦਰਸਨ, ਪਰਸਨ, ਸਰਸਨ, ਹਰਸਨ ਰੰਗਿ ਰੰਗੀ ਕਰਤਾਰੀ ਰੇ । | 1<br>2<br>1<br>1 | | ਵਿਸ਼ੇ ਪ੍ਰਤਿ ਵਿਦਿਆਰਥੀ ਨੇ ਇਕ ਪ੍ਰਸ਼ਨ ਦਾ ਸਹੀ ਉੱਤਰ ਦਿੱਤਾ ਹੈ ਅਤੇ ਬਾਕੀ ਗ਼ਲਤ ਜਾਂ ਕੋਈ ਉੱਤਰ ਨਹੀਂ ਦਿੱਤਾ ਤਾਂ ਵਿਦਿਆਰਥੀ ਨੂੰ ਸਹੀ ਉੱਤਰ ਦੇ ਬਣਦੇ ਅੰਕ ਦਿੱਤੇ ਜਾਣ। ਜੇਕਰ ਸਾਰੇ ਭਾਗਾਂ ਦੇ ਉੱਤਰ ਸਹੀ ਹਨ ਤਾਂ ਵਿਦਿਆਰਥੀ ਨੂੰ ਪੂਰੇ ਅੰਕ ਦਿੱਤੇ ਜਾਣ। |
| 2. | | ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿਚ ਲਿਖੋ। | | | |

| | | | | | |
|---|---|---|---|---|---|
| | (ਜ) | ਛੰਦ ਤਿੰਨ ਪ੍ਰਕਾਰ ਦੇ ਹੁੰਦੇ ਹਨ । (ੳ) ਵਰਣਿਕ, (ਅ) ਮਾਤ੍ਰਿਕ, (ੲ) ਗਣਿਕ। ਵਰਣਿਕ ਛੰਦ ਵਿਚ ਵਰਨਾਂ ਦੀ ਗਿਣਤੀ ਕੀਤੀ ਜਾਂਦੀ ਹੈ। ਮਾਤ੍ਰਿਕ ਛੰਦ ਵਿਚ ਮਾਤਰਾ ਦੀ ਅਤੇ ਗਣਿਕ ਛੰਦ ਵਿੱਚ ਗਣਾਂ ਦੀ ਗਿਣਤੀ ਕੀਤੀ ਜਾਂਦੀ ਹੈ। | 2 | | ਵਿਦਿਆਰਥੀ ਨੇ ਪ੍ਰਸ਼ਨ ਦਾ ਸਹੀ ਉੱਤਰ ਇੱਕ ਸਤਰ ਵਿਚ ਦਿੱਤਾ ਹੈ ਤਾਂ ਵਿਦਿਆਰਥੀ ਨੂੰ ਪੂਰੇ ਅੰਕ ਦਿੱਤੇ ਜਾਣ। |
| | (ਜਜ) | ਛੰਦ ਦੀ ਪੂਰੀ ਸਤਰ ਨੂੰ ਤੁਕ ਜਾਂ ਕਲੀ ਕਹਿੰਦੇ ਹਨ ਵੱਖ ਵੱਖ ਛੰਦਾਂ ਵਿਚ ਇਹਨਾਂ ਦੀ ਗਿਣਤੀ ਵੱਖ ਵੱਖ ਹੁੰਦੀ ਹੈ । | 2 | | |
| | (ਜਜਜ) | ਕਬਿੱਤ ਇਕ ਵਰਣਿਕ ਛੰਦ ਹੈ । ਇਸਦੀਆਂ ਲੰਮੀਆਂ ਚਾਰ ਤੁਕਾਂ ਹੁੰਦੀਆਂ ਹਨ । ਹਰ ਤੁਕ ਵਿਚ 31 ਜਾਂ 32 ਵਰਨ ਹੁੰਦੇ ਹਨ । ਉਦਾਹਰਨ : ਮੁੱਠੀ ਵਾਇ ਮੁਠੀ ਲੋਕਾ, ਸਾਵਰੇ ਨੇ ਕੁੱਠੀ ਅੱਜ । | 1,1 | | |

| | | | | | |
|---|---|---|---|---|---|
| | (ਜਙ) | ਕਿਸੇ ਵਰਨ ਦੇ ਉਚਾਰਨ ਵਿਚ ਜਿੰਨਾ ਸਮਾਂ ਲੱਗਦਾ ਹੈ ਉਸ ਨੂੰ ਮਾਤਰਾ ਕਿਹਾ ਜਾਂਦਾ ਹੈ । ਮਾਤਰਾ ਦੋ ਕਿਸਮਾਂ ਦੀ ਹੁੰਦੀ ਹੈ : ਲਘੂ ਅਤੇ ਗੁਰੂ । | 1,1 | | |
| 3. | | ਬਹੁ-ਵਿਕਲਪੀ ਪ੍ਰਸ਼ਨ (1 ਅੰਕ ਵਾਲੇ) | | 5 | ਜੇਕਰ ਵਿਦਿਆਰਥੀ ਨੇ ਵਿਕਲਪਾਂ ਵਿਚੋਂ (ੳ), (ਅ), (ੲ), (ਸ) ਵੀ ਉੱਤਰ ਵਿਚ ਦਿੱਤਾ ਹੈ ਅਤੇ ਉਹ ਸਹੀ ਵਿਕਲਪ ਹੈ ਤਾਂ ਉੱਤਰ ਦੇ ਪੂਰੇ ਅੰਕ ਦਿੱਤੇ ਜਾਣ। |
| | (ਜ) | (ਅ) ਬਾਰਾਂਮਾਂਹ | 1 | | |
| | (ਜਜ) | (ੳ) ਵਾਰ | 1 | | |
| | (ਜਜਜ) | (ੲ) ਸਤਵਾਰਾ | 1 | | |
| | (ਜਙ) | (ਸ) ਛ<br>(ੲ) ਅੱਖਰ ਨੂੰ<br>ਜਾਂ | 1<br>1 | | |
| 4. | | ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 20-25 ਸ਼ਬਦਾਂ ਵਿੱਚ ਲਿਖੋ) | | 3 | |
| | (ਜ) | ਵਾਰ ਇਕ ਖਾਸ ਵਿਸ਼ੇ ਵਾਲਾ ਕਾਵਿ ਰੂਪ ਹੈ । ਇਸ ਦਾ ਨਾਇਕ ਕੋਈ ਪ੍ਰਸਿੱਧ ਇਤਿਹਾਸਕ ਸੂਰਮਾ ਹੁੰਦਾ ਹੈ । | 2<br>1 | | ਜੇਕਰ ਵਿਦਿਆਰਥੀ ਨੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਜਾਂ ਵਿਸਤਾਰ ਵਿਚ ਲਿਖੇ |

| | | | | | |
|---|---|---|---|---|---|
| | | ਇਸ ਵਿਚ ਨਾਇਕ ਦੇ ਜੀਵਨ ਦੀਆਂ ਵੀਰਤਾ ਪੂਰਨ ਘਟਨਾਵਾਂ ਨੂੰ ਕਾਵਿ ਰੂਪ ਵਿਚ ਕਥਾ-ਬੱਧ ਕਿੱਤਾ ਜਾਂਦਾ ਹੈ । .ਵਾਰਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ: ਵੀਰ ਰਸੀ ਵਾਰਾਂ ਤੇ ਅਧਿਆਤਮਕ ਵਾਰਾਂ । | | | ਹਨ ਅਤੇ ਢੁੱਕਵੇਂ ਹਨ ਤਾਂ ਉਤਰ ਦੇ ਪੂਰੇ ਅੰਕ ਦਿੱਤੇ ਜਾਣ। |
| | (ਜਜ) | ਕਿੱਸਾ ਉਹ ਲੰਮੀ ਵਾਰਤਾ ਹੈ ਜਿਸ ਵਿਚ ਨਾਇਕ ਤੇ ਨਾਇਕਾ ਦੀ ਪ੍ਰੇਮ ਕਥਾ ਜਾਂ ਵੀਰਤਾ ਦਾ ਬਿਰਤਾਂਤਕ ਵਰਨਣ ਹੋਵੇ । ਪੰਜਾਬੀ ਵਿਚ ਇਸ਼ਕੀਆ ਅਤੇ ਭਗਤਾਂ ਦੇ ਜੀਵਨ ਨਾਲ ਸੰਬੰਧਿਤ ਕਹਾਣੀ ਵਾਲੀ ਕਵਿਤਾ ਨੂੰ ਕਿੱਸਾ ਕਿਹਾ ਜਾਂਦਾ ਹੈ । | 3 | | |
| 5. | | ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 25-30 ਸ਼ਬਦਾਂ ਵਿੱਚ ਲਿਖੋ) | | | ਜੇਕਰ ਵਿਦਿਆਰਥੀ ਨੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਜਾਂ ਵਿਸਤਾਰ ਵਿਚ ਲਿਖੇ |
| | | ਸ਼ਲੋਕ ਸੰਸਕ੍ਰਿਤ ਦੇ ਸ਼ਬਦ ਸ਼ਲੋਕ ਦਾ ਪੰਜਾਬੀ ਰੂਪ ਹੈ । | 3 | 3 | |

| | | | | | |
|---|---|---|---|---|---|
| | | ਇਸ ਦੇ ਦੋ ਅਰਥ ਹਨ : ਵਿਸ਼ੇਸ਼ ਤੇ ਸਧਾਰਨ । ਸਧਾਰਨ ਅਰਥ ਵਿਚ ਪ੍ਰਸੰਸਾ ਜਾ ਉਸਤਤ ਨੂੰ ਸ਼ਲੋਕ ਕਹਿ ਲਿਆ ਜਾਂਦਾ ਹੈ । ਗੁਰਬਾਣੀ ਵਿਚ ਇਸ ਦੀ ਵਰਤੋਂ ਪਦ ਕਾਵਿ ਲਈ ਕੀਤੀ ਜਾਂਦੀ ਹੈ । | | | ਹਨ ਅਤੇ ਢੁੱਕਵੇਂ ਹਨ ਤਾਂ ਉੱਤਰ ਦੇ ਪੂਰੇ ਅੰਕ ਦਿੱਤੇ ਜਾਣ। |
| ਜਾਂ | | | | | |
| | | ਸਤਵਾਰਾ ਤੋਂ ਭਾਵ ਹੈ ਹਫਤੇ ਦੇ ਸੱਤ ਦਿਨਾਂ ਦੇ ਅਧਾਰ ਤੇ ਰਚੀ ਗਈ ਕਾਵਿ ਰਚਨਾ ਨੂੰ ਸਤਵਾਰਾ ਕਿਹਾ ਜਾਂਦਾ ਹੈ । ਇਸ ਵਿਚ ਆਮ ਕਰਕੇ ਪ੍ਰੀਤਮ ਦੇ ਵਿਛੋੜੇ ਦਾ ਦੁੱਖ ਬਿਰਹਾ ਤੇ ਮਿਲਾਪ ਦੀ ਤਾਂਘ ਨੂੰ ਬਿਆਨ ਕੀਤਾ ਜਾਂਦਾ ਹੈ । | | | |
| 6. | | ਨਾਵਲ ਵੱਡੇ ਆਕਾਰ ਦੀ ਗੱਦ ਕਥਾ ਜਾਂ ਬ੍ਰਿਤਾਂਤ ਹੁੰਦਾ ਹੈ; ਜਿਸ ਦੇ ਅੰਤਰਗਤ ਯਥਾਰਥ ਜੀਵਨ ਦੀ ਪ੍ਰਤੀਨਿਧਤਾ ਦਾ ਪ੍ਰਦਰਸ਼ਨ ਕਰਨ | 2<br>1 | 3 | ਜੇਕਰ ਵਿਦਿਆਰਥੀ ਨੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਜਾਂ ਵਿਸਤਾਰ ਵਿਚ ਲਿਖੇ |

| | | | | | |
|---|---|---|---|---|---|
| | | ਵਾਲੇ ਪਾਤਰਾਂ ਅਤੇ ਕਾਰਜਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ । ਨਾਵਲ ਦੀਆਂ ਕਿਸਮਾਂ : ਜਾਸੂਸੀ ਨਾਵਲ, ਤਲਿਸਮੀ ਨਾਵਲ, ਇਤਿਹਾਸਕ ਨਾਵਲ, ਮਨੋਵਿਗਿਆਨਿਕ ਨਾਵਲ, ਚੇਤਨਾ ਪ੍ਰਵਾਹ ਨਾਵਲ, ਜਾਂ ਆਂਚਲਿਕ ਨਾਵਲ ਹਨ। | | | ਹਨ ਅਤੇ ਢੁੱਕਵੇਂ ਹਨ ਤਾਂ ਉੱਤਰ ਦੇ ਪੂਰੇ ਅੰਕ ਦਿੱਤੇ ਜਾਣ। |
| ਜਾਂ | | | | | |
| | | ਨਾਟਕ ਦੀ ਉਤਪੱਤੀ ਮਨੁੱਖ ਦੀ ਨਕਲ ਕਰਨ ਦੀ ਪ੍ਰਵਿਰਤੀ ਵਿਚੋਂ ਹੋਈ ਹੈ । ਜੀਵਨ ਦੀਆਂ ਘਟਨਾਵਾਂ ਦੀ ਰੰਗ ਮੰਚ ਉੱਤੇ ਅਭਿਨੈ ਦੁਆਰਾ ਪੇਸ਼ਕਾਰੀ ਨੂੰ ਹੀ ਨਾਟਕ ਕਹਿੰਦੇ ਹਨ । ਨਾਟਕ ਦੇ ਮੂਲ ਤੱਤ : ਪਲਾਟ ਜਾਂ ਗੋਂਦ, ਪਾਤਰ-ਚਿਤਰਨ, ਵਾਰਤਾਲਾਪ, ਸ਼ੈਲੀ, ਉਦੇਸ਼ ਅਤੇ ਰੰਗ ਮੰਚ । | | | |
| **ਭਾਗ (ਅ)** | | | | | |

| | | | | | |
|---|---|---|---|---|---|
| 7. | | ਬਹੁ-ਵਿਕਲਪੀ ਪ੍ਰਸ਼ਨ (1 ਅੰਕ ਵਾਲੇ) | | 5 | ਜੇਕਰ ਵਿਦਿਆਰਥੀ ਨੇ ਵਿਕਲਪਾਂ ਵਿਚੋਂ (ੳ), (ਅ), (ੲ), (ਸ) ਵੀ ਉੱਤਰ ਵਿਚ ਦਿੱਤਾ ਹੈ ਅਤੇ ਉਹ ਸਹੀ ਵਿਕਲਪ ਹੈ ਤਾਂ ਉਤਰ ਦੇ ਪੂਰੇ ਅੰਕ ਦਿੱਤੇ ਜਾਣ। |
| | (ਜ) | (ੳ) 1469 | 1 | | |
| | (ਜਜ) | (ਅ) ਮਹਾਰਾਜਾ ਰਣਜੀਤ ਸਿੰਘ | 1 | | |
| | (ਜਜਜ) | (ੲ) ਜੇਠਾ ਜੀ | 1 | | |
| | (ਜਡ) | (ਸ) ਅਨਾਇਤ ਸ਼ਾਹ ਕਾਦਰੀ | 1 | | |
| | (ਡ) | (ਹ) ਪੂਰਨ ਦੇ ਵਿਛੋੜੇ ਨੂੰ ਨਾ ਸਹਿੰਦਿਆਂ | 1 | | |
| | (ਡਜ) | (ਕ) ਹੀਰ | | | |
| 8. | | ਅਤਿ ਛੋਟੇ ਉੱਤਰਾਂ ਵਾਲੇ ਪ੍ਰਸ਼ਨ | | 4 | |
| | (ਜ) | ਲਾਲੂ ਸ਼ਾਹ | 1 | | |
| | (ਜਜ) | ਸ਼ੇਰਨੀਆਂ | 1 | | |
| | (ਜਜਜ) | ਜਿੰਮੀਦਾਰ ਕੁਲਦੀਪ ਸਿੰਘ ਵਿਰਕ | 1 | | |
| | (ਡਜ) | ਰਿਸ਼ਵਤ ਨੂੰ | 1 | | |
| 9 | | ਬਹੁ-ਵਿਕਲਪੀ ਪ੍ਰਸ਼ਨ (1 ਅੰਕ ਵਾਲੇ) | | 5 | |
| | (ਜ) | (ੳ) ਮਿੱਠੇ ਬੋਲਾਂ ਨਾਲ | 1 | | |
| | (ਜਜ) | (ਅ) ਚਿੰਤੋ | 1 | | |
| | (ਜਜਜ) | (ੲ) ਸੱਚੇ ਗੁਰੂ ਦੀ | 1 | | |
| | (ਜਡ) | (ਸ) ਖੰਭ | 1 | | |
| | (ਡ) | (ਹ) ਰਸ਼ਿਮ | 1 | | |
| 10. | | ਛੋਟੇ ਉੱਤਰਾਂ ਵਾਲੇ ਪ੍ਰਸ਼ਨ (2 ਅੰਕ ਵਾਲੇ) | | 8 | |

| | | | | | |
|---|---|---|---|---|---|
| | (ਜ) | ਮਛਲੀ ਇਕ ਤੁੱਛ ਜਿਹਾ ਜੀਵ ਹੈ, ਪਰ ਦਰਿਆ ਅਪਾਰ ਤੇ ਅਥਾਹ ਹੈ। ਇਸ ਕਰਕੇ ਮਛਲੀ ਦਰਿਆ ਦਾ ਆਰ ਪਾਰ ਨਹੀਂ ਪਾ ਸਕਦੀ । | 2 | | ਜੇਕਰ ਵਿਦਿਆਰਥੀ ਨੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਜਾਂ ਵਿਸਤਾਰ ਵਿਚ ਲਿਖੇ ਹਨ ਅਤੇ ਢੁੱਕਵੇ ਹਨ ਤਾਂ ਉਤਰ ਦੇ ਪੂਰੇ ਅੰਕ ਦਿੱਤੇ ਜਾਣ। |
| | (ਜਜ) | ਕੰਨਾਂ ਨੂੰ ਸ਼ਰੀਰ ਨਾਲ ਇਸ ਲਈ ਲਾਇਆ ਗਿਆ ਹੈ ਕਿ ਉਹ ਪ੍ਰਮਾਤਮਾ ਦੇ ਸੱਚੇ ਨਾਮ ਅਤੇ ਉਸਦੀ ਉਸਤਤ ਨੂੰ ਸੁਣਨ । | 2 | | |
| | (ਜਜਜ) | ਕਿਉਂਕਿ ਬੇਫ਼ਿਕਰੀ ਦੀ ਨੀਦ ਸੌਂਣਾ ਮਨੁੱਖ ਲਈ ਇੱਛਤ ਵਸਤੂ ਨਹੀਂ ਹੈ, ਉਸ ਨੂੰ ਜਾਗ ਕੇ ਨੇਕ ਅਮਲਾਂ ਤੇ ਨਾਮ ਦਾ ਸਿਮਰਨ ਕਰਕੇ ਆਪਣਾ ਜਨਮ ਸੁਧਾਰਨਾ ਚਾਹੀਦਾ ਹੈ । | 2 | | |
| | (ਜਡ) | ਹੀਰ ਆਪ ਇਕ ਅਮੀਰ, ਖ਼ੂਬਸੂਰਤ ਅਤੇ ਸਲੀਕੇ ਵਾਲੀ ਕੁੜੀ ਸੀ, ਜਿਸ ਕਰਕੇ ਉਹ ਹਉਮੈਂ ਵੱਸ ਹਰ ਇਕ ਕੁੜੀ | 2 | | |

| | | | | | |
|---|---|---|---|---|---|
| | | ਨੂੰ ਆਪਣੀ ਸਹੇਲੀ ਨਹੀ ਸੀ ਬਣਾਉਂਦੀ। | | | |
| 11. | | ਛੋਟੇ ਉੱਤਰਾਂ ਵਾਲੇ ਪ੍ਰਸ਼ਨ (2 ਅੰਕ ਵਾਲੇ) | | 8 | |
| | (ਜ) | ਸ਼ਿਵਚਰਨ ਹੜਤਾਲਾਂ ਅਤੇ ਮੁਜ਼ਾਰਿਆਂ ਵਿਚ ਭਾਗ ਲੈਣਾ ਚੰਗਾ ਨਹੀਂ ਸੀ ਸਮਝਦਾ ਕਿਉਂਕਿ ਉਸ ਦਾ ਵਿਚਾਰ ਸੀ ਕਿ ਅਫਸਰ ਦੇ ਝਿੜਕੇ ਦਾ ਕਦੀ ਅਫ਼ਸੋਸ ਨਹੀਂ ਕਰਨਾ ਚਾਹੀਦਾ । | 2 | | ਉਪਰੋਕਤ ਨੁਕਤਾ ਹੀ ਵਿਚਾਰੋ |
| | (ਜਜ) | ਕਿਉਂਕਿ ਬਾਰੂ ਬੁਖ਼ਾਰ ਦੇ ਕਾਰਣ ਬੇਸੁੱਧ ਸੁੱਤਾ ਹੋਇਆ ਸੀ, ਲਾਲੂ ਸ਼ਾਹ ਨੇ ਉਸ ਨੂੰ ਆਪਣਾ ਕੰਮ ਨਾ ਕਰਦਾ ਦੇਖ ਕੇ ਗਾਲ਼ਾਂ ਕਢਣੀਆਂ ਸ਼ੁਰੂ ਕਰ ਦਿਤੀਆਂ । | 2 | | |
| | (ਜਜਜ) | ਮੁੰਡੇ ਨੇ ਰਾਤ ਨੂੰ ਚੋਰੀ ਦੁੱਧ ਇਸ ਕਰ ਕੇ ਪੀਤਾ ਸੀ, ਕਿਉਂਕਿ ਉਸ ਨੂੰ ਉਸਦੇ ਮਾਪੇ ਦੁੱਧ ਪੀਣ ਲਈ ਨਹੀਂ ਦਿੰਦੇ ਸਨ । | 2 | | |

| | | | | | |
|---|---|---|---|---|---|
| | (ਜਡ) | ਲੇਖਕ ਤੇ ਉਸਦੀ ਪਤਨੀ ਕਾਰ ਖਿਡੌਣੇ ਨੂੰ ਬੱਚਿਆਂ ਦੇ ਤੋੜਨ ਦੀ ਚੀਜ਼ ਨਹੀਂ ਸਮਝਦੇ ਸਨ ਸਗੋਂ ਉਸਨੂੰ ਸ਼ੋ-ਕੇਸ ਵਿਚ ਸਜਾਉਣ ਦੀ ਚੀਜ਼ ਸਮਝਦੇ ਸਨ । | 2 | | |
| 12. | | ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 20-25 ਸ਼ਬਦਾਂ ਵਿੱਚ ਲਿਖੋ। | | 6 | |
| | (ਜ) | ਦਰਿਆ ਦੇ ਮੁਕਾਬਲੇ ਮਛਲੀ ਅਤੇ ਪਾਰਬ੍ਰਹਮ ਦੇ ਮੁਕਾਬਲੇ ਜੀਵਾਤਮਾ ਤੁੱਛ ਵਸਤੂ ਹੈ । ਮਛਲੀ ਦਾ ਸਹਾਰਾ ਦਰਿਆ ਹੈ ਤੇ ਜੀਵਾਤਮਾ ਦਾ ਪਾਰਬ੍ਰਹਮ ਹੈ । | 3 | | ਉਪਰੋਕਤ ਨੁਕਤਾ ਹੀ ਵਿਚਾਰੋ |
| | | ਜਾਂ | | | |
| | | ਫ਼ਰੀਦ ਜੀ ਅਨੁਸਾਰ ਘੜਿਆਲ ਨੂੰ ਨਿਦੋਸੇ ਨੂੰ ਹੀ ਵਾਰ ਵਾਰ ਮਾਰ ਪੈਂਦੀ ਹੈ । ਜਦੋਂ ਕਿ ਮਨੁੱਖ ਅਨੇਕਾਂ ਕੁਕਰਮ ਕਰਦਾ ਹੈ ਤਾਂ ਉਸ ਦਾ ਕੀ ਬਣੇਗਾ। | | | |

| | | | | | |
|---|---|---|---|---|---|
| | | ਇਸ ਰਾਹੀਂ ਦੱਸਿਆ ਗਿਆ ਹੈ ਕਿ ਮਨੁੱਖ ਨੂੰ ਚੰਗੇ ਕਰਮ ਕਰਨੇ ਚਾਹੀਦੇ ਹਨ। | | | |
| | (ਜਜ) | ਕਲ ਨੇ ਨਾਰਦ ਨੂੰ ਕਿਹਾ ਕੇ ਉਹ ਪਤਨੀ ਨੂੰ ਭੁੱਖੀ ਮਾਰਨ ਵਾਲਾ ਮਖੱਟੂ ਖਸਮ ਹੈ, ਇਸ ਕਰਕੇ ਉਹ ਉਸ ਨੂੰ ਛੱਡ ਕੇ ਪੇਕੇ ਚਲੀ ਜਾਵੇਗੀ। | 3 | | |
| | | ਜਾਂ | | | |
| | | ਸੱਸੀ ਨੇ ਹਾਰ ਸ਼ਿੰਗਾਰ ਲਾਹ ਦਿੱਤਾ ਤੇ ਵਾਲ਼ ਖਿਲਾਰ ਕੇ ਸਿਰ ਵਿਚ ਮਿੱਟੀ ਪਾ ਲਈ ਤੇ ਤੱਪਦੇ ਮਾਰੂਥਲ ਵਿਚ ਪੁੰਨੂ ਦਾ ਪਿੱਛਾ ਕਾਰਨ ਲਈ ਚੱਲ ਪਈ। | | | |
| 13. | | ਆਪਣੇ ਪਿੰਡ ਵਿਚ ਨੰਦੂ ਨੂੰ ਸਾਰਾ ਦਿਨ ਗਾਂ ਚਾਰਨੀ ਤੇ ਉਸ ਦੀ ਸੰਭਾਲ ਕਰਨੀ ਪੈਂਦੀ ਸੀ। ਪਰ ਉਸਨੂੰ ਪੀਣ ਲਈ ਦੁੱਧ ਕਦੇ ਨਹੀਂ ਸੀ ਮਿਲਿਆ। ਉਹਨਾਂ ਦੇ ਘਰ ਇਕ ਡੰਗ ਹੀ ਰੋਟੀ ਪੱਕਦੀ | 3 | 3 | ਉਪਰੋਕਤ ਨੁਕਤਾ ਹੀ ਵਿਚਾਰੋ। |

| | | | | | |
|---|---|---|---|---|---|
| | | ਸੀ। | | | |
| | | ਜਾਂ | | | |
| | | ਸ਼ਿਵ ਚਰਨ ਭਰੇ ਜਲੂਸਾਂ ਨੂੰ ਵੇਖ ਕੇ ਕੰਬ ਜਾਂਦਾ ਸੀ ਉਹ ਉਦੋਂ ਵੀ ਘਬਰਾਉਂਦਾ ਸੀ ਜਦੋਂ ਉਸ ਦਾ ਸਾਹਬ ਉਸਨੂੰ ਆਪਣੇ ਦਫ਼ਤਰ ਵਿਚ ਬੁਲਾ ਕੇ ਕਿਸੇ ਬਾਰੇ ਪੁੱਛਦਾ ਸੀ। | | | |
| 14 | | ਕਹਾਣੀਕਾਰ ਆਪਣੀ ਪਤਨੀ ਨਾਲ ਸੈਰ...... ਆਪ ਸੈਰ ਲਈ ਤੁਰ ਪਿਆ । ...... ਪਾਰਕ ਵਿਚ ਇਕੱਲਾ ਹੀ ਹੈ। ...... ਦੋ ਕੁੜੀਆਂ ਸਾਈਕਲ ਸਿੱਖ ਰਹੀਆਂ ਸਨ । ...... ਕਾਫ਼ੀ ਦੇਰ ਕੁੜੀਆਂ ਨਾਲ ਗੱਲਾਂ ਕਰਨ...... ਤੁਰ ਪਏ ਕਹਾਣੀਕਾਰ ਦੀ ਪਤਨੀ ਨੇ ਹੱਡ ਬੀਤੀ ਸੁਣਾਈ ...... ਉਹ ਉਸ ਦੇ ਮਗਰ ਤੁਰ ਪਈਆਂ ...... ਦੇਖ ਕੇ ਓਹਨਾ ਨੂੰ ਬਹੁਤ | 5 | 5 | ਉਪਰੋਕਤ ਨੁਕਤਾ ਹੀ ਵਿਚਾਰੋ। |

| | | | | | |
|---|---|---|---|---|---|
| | | ਸ਼ਰਮ ਆਈ। | | | |
| | | ਜਾਂ | | | |
| | | ਕੁਲਦੀਪ ਸਿੰਘ ਕਣਕ ਦੀ ਵਾਢੀ ਲਈ ਕਾਲੂ, ਪੂਰਨ, ਦੇਬੂ, ਤੇ ਪ੍ਰਿਤੂ ਨੂੰ ਢਾਈ ਰੁਪਏ ...... ਉਨੀਂਦਰੇ ਦੇ ਕਾਰਨ ਉਹਨਾਂ ਦੇ ਪੈਰ ਥਿੜਕ ਰਹੇ ਸਨ ...... ਪ੍ਰਭਜੀਤ ਨੇ ਉਹਨਾਂ ਨੂੰ ਮਾਸਾ ਮਾਸਾ ਅਫ਼ੀਮ ਖਾਣ ਲਈ ਦਿੱਤੀ ...... ਕਾਲੇ ਨੇ ਸਾਰਿਆਂ ਨੂੰ ਜਾਗਦੇ ਰਹਿਣ ...... ਸਵੇਰੇ ਚਾਰ ਵਜੇ ਕੁਲਦੀਪ ਸਿੰਘ ਟਾਰਚ ...... ਪ੍ਰਭਜੀਤ ਨੇ ਉਹਨਾਂ ਨੂੰ ਅਵਾਜ਼ਾਂ ...... ਉਸਨੇ ਤਿੰਨ ਰੁਪਏ ...... ਹਨ ਕਰ ਦਿੱਤੀ ...... ਉਪਰ ਅਸਮਾਨ ਵਿਚ ਬੱਦਲ ਹੋਰ ਸੰਘਣਾ ਹੋ ਗਿਆ। | | | |
| 15 | | ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ | | | |

| | | | | | |
|---|---|---|---|---|---|
| | | ਕਰੋ। | | | |
| | | ਕਾਵਿ-ਕਮਾਈ ਵਿਚੋਂ ਪਾਠ ਤੀਜਾ ਰਚੇਤਾ ਸ੍ਰੀ ਗੁਰੂ ਅਰਜਨ ਦੇਵ ਜੀ। ਇਸਤਰੀ ਰੂਪ ਵਿਚ ਪ੍ਰਭੂ ਨਾਲ ਪ੍ਰੀਤੀ ਦਾ ਉਲੇਖ ਹੈ। ਗੁਰੂ ਜੀ ਨੇ.......ਪ੍ਰਭੂ ਪ੍ਰੀਤਮ ਨਾਲ ਜੋੜਿਆ ਗਿਆ ਬੰਧਨ ਉੱਤਮ ਹੁੰਦਾ ਹੈ। | 2<br><br><br>3 | | ਜੇਕਰ ਵਿਦਿਆਰਥੀ ਨੇ ਪ੍ਰਸੰਗ ਸਹੀ ਲਿਖਿਆ ਹੈ ਉਸ ਨੂੰ ਪ੍ਰੰਸਗ ਦੇ ਦੋ ਅੰਕ ਦਿੱਤੇ ਜਾਣ ਅਤੇ ਵਿਆਖਿਆ ਲਿਖੇ ਜਾਣ ਤੇ ਉਸ ਨੂੰ ਪੂਰੇ ਅੰਕ ਦਿੱਤੇ ਜਾਣ। |
| | | ਜਾਂ | | | |
| | | ਕਾਵਿ-ਕਮਾਈ ਵਿਚੋਂ ਪਾਠ ਚੌਥਾ ਰਚੇਤਾ ਪੀਲੂ। ਜੰਡ ਹੇਠ ਸੁੱਤਾ ਮਿਰਜ਼ਾ...... ਸਾਹਿਬਾ ਦੀ ਚਿਤਾਵਨੀ...... ਸੂਰਮਾ...... ਆਰਾਮ ਦੀ ਅਵਸਥਾ ਵਿਚ...... ਦਾਨਾਬਾਦ ਪਹੁੰਚਣਾ। | | | |

✡ ✡ ✡ ✡ ✡ ✡